①

# ਦਫਤਰ ਜਿਲ੍ਹਾ ਸਿੱਖਿਆ ਅਫਸਰ (ਸੈ:ਸਿ:) ਬਠਿੰਡਾ

DEOSE.BATHINDA@PUNJABEDUCATION.GOV.IN

ਵੱਲ,

ਯਾਦ ਪੱਤਰ-1

ਪ੍ਰਿੰਸੀਪਲ / ਮੁੱਖ ਅਧਿਆਪਕ /ਡੀ.ਡੀ.ਓ

ਸਸਸਸ / ਸਹਸ , ਜਿਲ੍ਹਾ ਬਠਿੰਡਾ ।

ਪੱਤਰ ਨੰ: ਅ-5/1( )2025/ 2469

ਮਿਤੀ ਬਠਿੰਡਾ- 30.09.2025

ਵਿਸ਼ਾ:- **ਮਿਤੀ 01.01.2016 ਤੋ 30.06.2021 ਦੇ ਵਿੱਚ ਸੇਵਾ ਮੁਕਤ ਹੋਏ ਪ੍ਰਿੰਸੀਪਲ / ਮੁੱਖ ਅਧਿਆਪਕ ਦੀ ਲੀਵ ਇਨਕੈਸ਼ਮੈਂਟ ਸੋਧੇ ਤਨਖਾਹ ਸਕੇਲਾਂ ਅਨੁਸਾਰ ਰਿਵਾਇਜ਼ਡ ਕਰਨ ਸਬੰਧੀ ।**

ਹਵਾਲਾ:- **ਪੰਜਾਬ ਸਰਕਾਰ, ਵਿੱਤ ਵਿਭਾਗ, (ਵਿੱਤ ਪ੍ਰਸੋਨਲ-1 ਬਰਾਂਚ) ਪੱਤਰ ਨੰ 03/01/2021-FP1/12 Dated, Chandigarh 18.02.2025 ਅਤੇ ਪੰਜਾਬ ਸਰਕਾਰ, ਵਿੱਤ ਵਿਭਾਗ, (ਖਜਾਨਾ ਤੇ ਲੇਖਾ ਸ਼ਾਖਾ), ਵਿੱਤ ਤੇ ਯੋਜਨਾ ਭਵਨ, ਪਲਾਟ ਨੰ:2-ਬੀ, ਸੈਕਟਰ 33-ਏ, ਚੰਡੀਗੜ੍ਹ ਦੇ ਪੱਤਰ ਨੰ :ਈ.ਏ.(ਈ-1-ਈ.800785)/2025/1104204 ਮਿਤੀ ਚੰਡੀਗੜ੍ਹ 19.05.2025 ਅਤੇ ਇਸ ਦਫਤਰ ਦੇ ਪੱਤਰ ਨੰ: ਅ-5/1( )2025/2426 ਮਿਤੀ ਬਠਿੰਡਾ- 23.09.2025 ਸਬੰਧੀ ।**

ਉਪਰੋਕਤ ਵਿਸ਼ੇ ਸਬੰਧੀ ਹਵਾਲਾ ਅਧੀਨ ਪੱਤਰ ਦੀ ਪਾਲਣਾ ਹਿੱਤ ਮਿਤੀ 01.01.2016 ਤੋ 30.06.2021 ਦੇ ਵਿੱਚ ਰਿਟਾਇਰਡ ਹੋਏ ਪ੍ਰਿੰਸੀਪਲ / ਮੁੱਖ ਅਧਿਆਪਕ ਦੀ ਰਿਵਾਇਜਡ ਲੀਵ ਇੰਨਕੈਸਮੈਂਟ ਸਰਕਾਰ ਦੀਆਂ ਹਦਾਇਤਾਂ ਮਿਤੀ 18.02.2025 ਅਨੁਸਾਰ ਇਸ ਦਫਤਰ ਵੱਲੋ ਪਹਿਲੀ ਕਿਸਤ(ਅਪ੍ਰੈਲ/2025) ਮਨਜੂਰੀ ਜਾਰੀ ਕੀਤੀ ਜਾ ਚੁੱਕੀ ਹੈ । ਇਹ ਮਨਜੂਰੀਆਂ ਇਸ ਦਫਤਰ ਦੀ ਡਿਸਪੈਚ ਸੀਟ ਤੋਂ ਪ੍ਰਾਪਤ ਕੀਤੀਆਂ ਜਾ ਸਕਦੀਆਂ ਹਨ । ਆਪ ਨੂੰ ਲਿਖਿਆ ਜਾਂਦਾ ਹੈ ਕਿ ਸਬੰਧਤ ਸੇਵਾ ਨਵਿਰਤ ਅਧਿਕਾਰੀਆਂ/ਕਰਮਚਾਰੀਆਂ ਨੂੰ ਪਹਿਲੀ ਕਿਸਤ(ਅਪ੍ਰੈਲ/2025) ਦੀ ਅਦਾਇਗੀ ਕਰਨ ਉਪਰੰਤ ਰਿਪੋਰਟ ਇਸ ਦਫਤਰ ਨੂੰ ਭੇਜੀ ਜਾਵੇ ।

ਇਸ ਤੋਂ ਇਲਾਵਾ ਜੇਕਰ ਆਪ ਦੇ ਸਕੂਲ ਦੇ ਸੇਵਾ ਨਵਿਰਤ ਪ੍ਰਿੰਸੀਪਲ/ ਮੁੱਖ ਅਧਿਆਪਕ ਦੀ ਲੀਵ ਇਨਕੈਸ਼ਮੈਂਟ ਦੀ ਪਹਿਲੀ ਕਿਸ਼ਤ ਦੀ ਮਨਜੂਰੀ ਸਰਕਾਰ ਵਲੋ ਸੋਧੇ ਤਨਖਾਹ ਸਕੇਲਾਂ ਅਨੁਸਾਰ ਜਾਰੀ ਨਹੀ ਹੋਈ ਹੈ, ਤਾਂ ਪਹਿਲਾ ਅਣ-ਸੋਧੇ ਸਕੇਲਾਂ ਵਿੱਚ ਜਾਰੀ ਹੋਈਆਂ ਲੀਵ ਇਨਕੈਸ਼ਮੈਂਟ ਦੀਆਂ ਮਨਜੂਰੀਆਂ ਸਬੰਧਤ ਸਕੂਲ ਵੱਲੋਂ ਇਸ ਦਫਤਰ ਵਿਖੇ ਮਿਤੀ 24.09.2025 ਤੱਕ ਹਾਰਡ ਕਾਪੀਆਂ ਜਮ੍ਹਾਂ ਕਰਵਾਈਆਂ ਜਾਣ । ਜੇਕਰ ਸੇਵਾ ਨਵਿਰਤ ਪ੍ਰਿੰਸੀਪਲ/ ਮੁੱਖ ਅਧਿਆਪਕ ਦੀ ਸਕੂਲ ਵੱਲੋਂ ਅਣ-ਸੋਧੇ ਸਕੇਲਾਂ ਵਿੱਚ ਜਾਰੀ ਲੀਵ ਇੰਨਕੈਸਮੈਂਟ ਰਿਪੋਰਟ ਨਾ ਪ੍ਰਾਪਤ ਹੋਣ ਕਾਰਨ ਸੋਧੇ ਹੋਏ ਸਕੇਲਾਂ ਅਨੁਸਾਰ ਰਿਵਾਇਜਡ ਲੀਵ ਇਨਕੈਸ਼ਮੈਂਟ ਦੀ ਅਦਾਇਗੀ ਹੋਣੀ ਰਹਿ ਜਾਂਦੀ ਹੈ, ਤਾਂ ਜਿੰਮੇਵਾਰੀ ਸਬੰਧਤ ਸਕੂਲ ਮੁੱਖੀ ਦੀ ਹੋਵੇਗੀ ।

30/09/25

ਉਪ ਜਿਲ੍ਹਾ ਸਿੱਖਿਆ ਅਫਸਰ (ਸੈ.ਸਿ)
ਬਠਿੰਡਾ 30/9

Scanned with OKEN Scanner

ਮਿਤੀ 30.09.2025 ਤੱਕ ਕੇਵਲ ਪ੍ਰਿੰਸੀਪਲ ਸਸਸਸ ਕਿੱਲੀ ਨਿਹਾਲ ਸਿੰਘ, ਬਠਿੰਡਾ ਦੀ ਸੂਚਨਾ (ਹਾਰਡ ਕਾਪੀ) ਇਸ ਦਫਤਰ ਨੂੰ ਪ੍ਰਾਪਤ ਹੋਈ ਹੈ।

Scanned with OKEN Scanner